# ਪ੍ਰੈਸ ਨੋਟ

# ਮੋਗਾ ਪੁਲਿਸ ਵੱਲੋਂ ਹਰਜੀਤ ਸਿੰਘ ਉਰਫ ਪਿੰਟਾਂ ਵਾਸੀ ਮਾੜੀ ਮੁਸਤਫਾ ਦੇ ਕਤਲ ਕੇਸ ਦੀ ਗੁੱਥੀ ਸੁਲਝਾਈ

ਪਿਛਲੀ ਦਿਨੀਂ ਥਾਣਾ ਬਾਘਾਪੁਰਾਣਾ ਦੇ ਪਿੰਡ ਮਾੜੀ ਮੁਸਤਫਾ ਵਿਖੇ ਗੋਲੀਬਾਰੀ ਦੀ ਘਟਨਾ ਵਾਪਰੀ ਸੀ। ਜਿਸ ਵਿੱਚ ਹਰਜੀਤ ਸਿੰਘ ਉਰਫ ਪੈਂਟਾ ਪੁੱਤਰ ਸਵਰਨ ਸਿੰਘ ਵਾਸੀ ਮਾੜੀ ਮੁਸਤਫਾ ਥਾਣਾ ਬਾਘਾਪੁਰਾਣਾ ਦੀ ਮੌਤ ਹੋ ਗਈ ਸੀ ਅਤੇ ਗੁਰਪ੍ਰੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਮਾੜੀ ਮੁਸਤਫਾ ਜ਼ਖਮੀ ਹੋ ਗਿਆ ਸੀ। ਤਫਤੀਸ਼ ਦੌਰਾਨ ਪਤਾ ਲੱਗਾ ਕਿ ਦੋ ਅਣਪਛਾਤੇ ਨੌਜਵਾਨਾਂ ਨੇ ਕਾਲੇ ਰੰਗ ਦੇ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੂੰਹ ਢੱਕ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਇਸ ਘਟਨਾ ਸਬੰਧੀ ਮੁਕੱਦਮਾ ਨੰਬਰ 53 ਮਿਤੀ 02/04/2022 ਅ/ਧ 302, 307,120-ਬੀ ਆਈ.ਪੀ.ਸੀ, 25,27 ਅਸਲਾ ਐਕਟ ਥਾਣਾ ਬਾਘਾਪੁਰਾਣਾ ਬਰਖਿਲਾਫ ਚਮਕੌਰ ਸਿੰਘ ਉਰਫ ਬੇਅੰਤ ਸਿੰਘ ਵਾਸੀ ਮਾੜੀ ਮੁਸਤਫਾ ਦੇ ਖਿਲਾਫ ਦਰਜ ਕੀਤਾ ਗਿਆ ਸੀ।

ਅੱਜ ਆਈ.ਜੀ ਫਰੀਦਕੋਟ ਰੇਂਜ ਪੀ.ਕੇ. ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਘਟਨਾ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਐਸ.ਐਸ.ਪੀ ਮੋਗਾ ਗੁਲਨੀਤ ਸਿੰਘ ਖੁਰਾਣਾ ਨੂੰ ਜਾਂਚ ਲਈ ਟੀਮਾਂ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ। ਐਸ.ਐਸ.ਪੀ ਮੋਗਾ ਦੀ ਦੇਖ-ਰੇਖ ਹੇਠ ਮੁਲਜ਼ਮਾਂ ਨੂੰ ਟਰੇਸ ਕਰਨ ਅਤੇ ਗ੍ਰਿਫ਼ਤਾਰ ਕਰਨ ਲਈ ਥਾਣਿਆਂ, ਸੀ.ਆਈ.ਏ ਸਟਾਫ, ਟੈਕਨੀਕਲ ਸੈੱਲ ਅਤੇ ਸਾਈਬਰ ਸੈੱਲ ਮੋਗਾ ਦੀਆਂ ਵੱਖ-ਵੱਖ ਟੀਮਾਂ ਤਿਆਰ ਕੀਤੀਆਂ ਗਈਆਂ ਸਨ।

ਪੁਲਿਸ ਟੀਮਾਂ ਨੂੰ ਸੀ.ਸੀ.ਟੀ.ਵੀ. ਫੁਟੇਜ ਦੀ ਪੜਤਾਲ ਕਰਦੇ ਹੋਏ ਕਤਲ ਕਾਂਡ ਦੇ ਮੁਲਜ਼ਮਾਂ ਬਾਰੇ ਇੱਕ ਭਰੋਸੇਯੋਗ ਵਸੀਲਿਆ ਰਾਂਹੀ ਇਤਲਾਹ ਮਿਲੀ। ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਵੱਲੋਂ ਜੈ ਸਿੰਘ ਵਾਲਾ ਤੋਂ ਚੋਟੀਆਂ ਤੋਬੇ ਰੋਡ 'ਤੇ ਛਾਪੇਮਾਰੀ ਕੀਤੀ ਗਈ ਅਤੇ ਇੱਕ ਪਰਬਤ ਸਿੰਘ ਵਾਸੀ ਪਿੰਡ ਕੁੱਸਾ ਨੂੰ ਇੱਕ 12 ਬੋਰ ਦੇਸੀ ਪਿਸਤੌਲ, ਦੋ ਜਿੰਦਾ ਕਾਰਤੂਸ ਅਤੇ ਇੱਕ ਕਾਲੇ ਰੰਗ ਦੀ ਸਪਲੈਂਡਰ ਮੋਟਰਸਾਇਕਲ ਸਮੇਤ ਕਾਬੂ ਕੀਤਾ ਗਿਆ। ਪਤਾ ਲੱਗਾ ਹੈ ਕਿ ਇਹ ਉਹੀ ਮੋਟਰਸਾਇਕਲ ਸੀ ਜਿਸ 'ਤੇ ਹਮਲਾਵਰ ਆਏ ਸਨ ਅਤੇ ਹਰਜੀਤ ਸਿੰਘ ਉਰਫ ਪੈਂਟਾ ਨੂੰ ਗੋਲੀ ਮਾਰ ਦਿੱਤੀ ਸੀ।

ਆਈ.ਜੀ ਸਾਹਿਬ ਨੇ ਮੀਡੀਆ ਨੂੰ ਦੱਸਿਆ ਕਿ ਪੁੱਛ-ਗਿੱਛ ਕਰਨ 'ਤੇ ਪਰਬਤ ਸਿੰਘ ਨੇ ਖੁਲਾਸਾ ਕੀਤਾ ਕਿ ਮਨਪ੍ਰੀਤ ਸਿੰਘ ਮੰਨੂ ਵਾਸੀ ਪਿੰਡ ਕੁੱਸਾ ਨੇ ਹਰਜੀਤ ਸਿੰਘ ਉਰਫ ਪੈਂਟਾ ਤੇ ਫਾਇਰਿੰਗ ਕੀਤੀ ਹੈ ਜਦਕਿ ਇਕ ਪ੍ਰੇਮ ਵਾਸੀ ਚੋਲਾ ਸਾਹਿਬ ਕਾਲੇ ਰੰਗ ਦੀ ਸਪਲੈਂਡਰ ਬਾਈਕ ਚਲਾ ਰਿਹਾ ਸੀ। ਪਰਬਤ ਸਿੰਘ ਨੇ ਮੰਨਿਆ ਕਿ ਮਿਤੀ 31.03.2022 ਨੂੰ ਮੰਨੂ ਨੇ ਉਸ ਨੂੰ ਹਰਜੀਤ ਸਿੰਘ ਪੈਂਟਾ ਦਾ ਘਰ ਦਿਖਾਇਆ ਸੀ ਅਤੇ ਵਾਪਸ ਅੰਮ੍ਰਿਤਸਰ ਵਾਲੇ ਪਾਸੇ ਚਲਾ ਗਿਆ। ਮਿਤੀ 01.04.2022 ਨੂੰ ਮੰਨੂ ਵੱਲੋਂ ਦੱਸੀ ਜਗ੍ਹਾ ਬੁੱਘੀਪੁਰਾ ਚੌਂਕ ਨੇੜਿਓਂ 30 ਬੋਰ ਦਾ ਪਿਸਤੌਲ ਲਿਅਇਆ ਸੀ, ਜੋ ਵਾਰਦਾਤ ਵਾਲੇ ਦਿਨ ਮੰਨੂ ਦੇ ਦਿੱਤਾ ਸੀ।

ਆਈ.ਜੀ ਸਾਹਿਬ ਨੇ ਦੱਸਿਆ ਕਿ ਚਮਕੌਰ ਸਿੰਘ ਉਰਫ ਬੇਅੰਤ ਸਿੰਘ ਵਾਸੀ ਪਿੰਡ ਮਾੜੀ ਮੁਸਤਫਾ ਨੂੰ ਫਿਰੋਜ਼ਪੁਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। ਬੇਅੰਤ ਸਿੰਘ ਨੇ ਖੁਲਾਸਾ ਕੀਤਾ ਕਿ ਉਸ ਨੂੰ ਫਿਰੋਜ਼ਪੁਰ ਜੇਲ੍ਹ ਦੇ ਕੈਦੀਆਂ ਤੋਂ ਪਤਾ ਲੱਗਾ ਸੀ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਰੁੱਪ ਨੇ ਆਪਣੇ ਸ਼ੂਟਰ ਮਨਪ੍ਰੀਤ ਉਰਫ ਮੰਨੂ ਵਾਸੀ ਪਿੰਡ ਕੁੱਸਾ ਜਿਲ੍ਹਾ ਮੋਗਾ ਅਤੇ ਪ੍ਰੇਮ ਵਾਸੀ ਤਰਨਤਾਰਨ ਨੂੰ ਹਰਜੀਤ ਪੈਂਟਾ ਨੂੰ ਮਾਰਨ ਲਈ ਭੇਜਿਆ ਸੀ। ਹਰਜੀਤ ਸਿੰਘ ਪੈਂਟਾ ਦਾ ਸਬੰਧ ਦਵਿੰਦਰ ਬੰਬੀਹਾ ਗੈਂਗ ਨਾਲ ਸੀ। ਮੁਕੱਦਮਾ ਨੰਬਰ 47/22 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਬਾਘਾਪੁਰਾਣਾ ਵਿੱਚ ਧਰਮਿੰਦਰ ਸਿੰਘ ਉਰਫ ਬਾਜੀ ਵਾਸੀ ਦੁਸਾਂਝ ਨੂੰ ਪ੍ਰੋਡਕਸ਼ਨ ਵਾਰੰਟ ਪਰ ਲਿਆ ਕੇ ਕੀਤੀ ਗਈ ਪੁੱਛਗਿਛ ਦੌਰਾਨ ਉਸ ਨੇ ਖੁਲਾਸਾ ਕੀਤਾ ਕਿ ਮਨਪ੍ਰੀਤ ਮੰਨੂ ਦੀ ਹਰਜੀਤ ਪੈਂਟਾ ਨਾਲ ਵੀ ਨਿੱਜੀ ਦੁਸ਼ਮਣੀ ਸੀ ਕਿਉਂਕਿ ਪੈਂਟਾ ਨੇ ਸਾਲ 2017 ਵਿੱਚ ਮੰਨੂ ਨੂੰ ਫਰੀਦਕੋਟ ਜੇਲ੍ਹ ਵਿੱਚ ਬੰਦ ਹੋਣ ਸਮੇਂ ਬਹੁਤ ਬੁਰੀ ਤਰ੍ਹਾਂ ਕੁੱਟਿਆ ਸੀ। ਇਹ ਲੜਾਈ ਬੰਬੀਹਾ ਗਰੁੱਪ ਅਤੇ ਲਾਰੈਂਸ ਬਿਸ਼ਨੋਈ ਗਰੁੱਪ ਦੇ ਮੈਂਬਰਾਂ ਵਿਚਕਾਰ ਗਿਰੋਹ ਦੀ ਦੁਸ਼ਮਣੀ ਦਾ ਨਤੀਜਾ ਸੀ। ਬੰਬੀਹਾ ਗਰੁੱਪ ਵਾਲੇ ਪਾਸੇ ਤੋਂ ਧਰਮਿੰਦਰ ਬਾਜ਼ੀ ਵੀ ਇਸ ਗੈਂਗ ਵਾਰ ਦਾ ਹਿੱਸਾ ਸੀ। ਬਾਅਦ ਵਿੱਚ ਇਸ ਵਿੱਚ ਸ਼ਾਮਲ ਕੈਦੀਆਂ ਨੂੰ ਪੰਜਾਬ ਦੀਆਂ ਹੋਰ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤਾ ਗਿਆ।

ਲਾਰੈਂਸ ਬਿਸ਼ਨੋਈ ਗਰੁੱਪ ਵੱਲੋਂ ਜਿੰਮੇਵਾਰੀ ਲੈਣ ਲਈ ਬਣਾਏ ਗਏ ਪੇਜ ਦੀ ਪੜਤਾਲ ਕਰਨ ਲਈ ਮੋਗਾ ਪੁਲਿਸ ਦੀ ਟੀਮ ਦਿੱਲੀ ਗਈ ਸੀ। ਫੇਸਬੁੱਕ ਆਈ.ਡੀ, ਜੋ ਹੁਣ 'ਗੋਲਡੀ ਬਰਾੜ' ਦੇ ਨਾਮ ਨਾਲ ਜੁੜੀ ਹੋਈ ਹੈ, ਨੂੰ ਰੁਪਾਂਜਲੀ ਪੁੱਤਰੀ ਅਸ਼ੋਕ ਕੁਮਾਰ ਵਾਸੀ ਨੰਗਲੋਈ ਦਿੱਲੀ ਦੇ ਫੋਨ ਨੰਬਰ ਦੀ ਵਰਤੋਂ ਕਰਕੇ ਬਣਾਇਆ ਗਿਆ ਹੈ।ਰੁਪਾਂਜਲੀ ਨੇ ਖੁਲਾਸਾ ਕੀਤਾ ਕਿ ਉਹ ਫੇਸਬੁੱਕ ਰਾਹੀਂ ਲਾਰੇਂਸ ਬਿਸ਼ਨੋਈ ਦਾ ਭਰਾ ਹੋਣ ਦਾ ਦਾਅਵਾ ਕਰਨ ਵਾਲੇ ਅਨਮੋਲ ਬਿਸ਼ਨੋਈ ਦੇ ਸੰਪਰਕ ਵਿੱਚ ਆਈ ਸੀ। ਇਸ ਮਾਮਲੇ ਵਿੱਚ ਰੂਪਾਂਜਲੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਕੇਸ ਵਿੱਚ ਮਨਪ੍ਰੀਤ ਉਰਫ਼ ਮੰਨੂ ਵਾਸੀ ਕੁੱਸਾ ਅਤੇ ਪ੍ਰੇਮ ਵਾਸੀ ਤਰਨਤਾਰਨ ਨੂੰ ਨਾਮਜ਼ਦ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਮੰਨੂ ਖਿਲਾਫ ਪਹਿਲਾਂ ਹੀ ਕਰੀਬ 6 ਕੇਸ ਦਰਜ ਹਨ, ਜਿਨ੍ਹਾਂ ਵਿਚ ਕਤਲ ਅਤੇ ਇਰਾਦਾ ਕਤਲ ਦੇ ਮਾਮਲੇ ਸ਼ਾਮਲ ਹਨ। ਜਿੰਨਾ ਨੂੰ ਦੋ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਪਰਬਤ ਸਿੰਘ ਦੇ ਖਿਲਾਫ ਵੀ 2 ਮੁਕੱਦਮੇ ਦਰਜ ਹਨ। ਜੋ ਮੁੱਕਦਮਾ ਨੰ.207 ਮਿਤੀ 5.11.2021 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਬੱਧਨੀ ਕਲਾਂ ਵਿਚ ਲੋੜੀਂਦਾ ਹੈ।

ਆਈ.ਜੀ ਸਾਹਿਬ ਨੇ ਅੱਗੇ ਦੱਸਿਆ ਕਿ ਹਰਜੀਤ ਪੈਂਟਾ 'ਬੀ' ਸ੍ਰੇਣੀ ਦਾ ਗੈਂਗਸਟਰ ਸੀ ਅਤੇ ਉਹ ਮੁਕੱਦਮਾ ਨੰ. 78 ਮਿਤੀ 17.5.2021 ਅ/ਧ 25 ਆਰਮਜ਼ ਐਕਟ ਥਾਣਾ ਨਿਹਾਲ ਸਿੰਘ ਵਾਲਾ ਦਾ ਦੋਸ਼ੀ ਸੀ। ਜਿਸ ਨੂੰ ਗ੍ਰਿਫਤਾਰ ਲਈ ਸਾਬਕਾ ਮੁੱਖ ਅਫਸਰ ਥਾਣਾ ਇੰਸਪੈਕਟਰ ਕੁਲਵਿੰਦਰ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਲਈ ਸੂਚਿਤ ਕੀਤਾ ਗਿਆ ਸੀ। ਮੁਖ ਅਫਸਰ ਥਾਣਾ ਬਾਘਾਪੁਰਾਣਾ ਦੀ ਅਣਗਹਿਲੀ ਕਾਰਨ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਕਾਰਵਾਈ ਕੀਤੀ ਗਈ ਹੈ।

ਆਈ.ਜੀ ਸਾਹਿਬ ਨੇ ਇਹ ਵੀ ਦੱਸਿਆ ਕਿ ਮੌਜੂਦਾ ਮਾਮਲੇ ਦੀ ਜਾਂਚ ਦੌਰਾਨ ਮੋਗਾ ਪੁਲਿਸ ਨੇ ਹੋਰ ਅਪਰਾਧਾਂ ਨੂੰ ਵੀ ਅੰਜਾਮ ਦੇਣ ਵਾਲੀ ਵਿਅਕਤੀ ਰੋਹਿਤ ਵਾਸੀ ਬਾਘਾਪੁਰਾਣਾ, ਬੂਟਾ ਵਾਸੀ ਜੈਮਲਵਾਲਾ ਅਤੇ ਧਰਮਪ੍ਰੀਤ ਵਾਸੀ ਚੰਦਨਵਾਂ ਨਾਮ ਦੇ ਤਿੰਨ ਵਿਅਕਤੀਆਂ ਨੂੰ ਇੱਕ 30 ਬੋਰ ਪਿਸਤੌਲ ਅਤੇ 5 ਜਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਜਿਸ ਸਬੰਧੀ ਮੁਕੱਦਮਾ ਨੰਬਰ 55/22 ਅ/ਧ 25 ਅਸਲਾ ਐਕਟ ਥਾਣਾ ਬਾਘਾਪੁਰਾਣਾ ਦਰਜ ਕੀਤਾ ਗਿਆ ਹੈ। ਬਲਤੇਜ ਸਿੰਘ ਵਾਸੀ ਚੀਦਾ ਅਤੇ ਮਨਕਰਨ ਸਿੰਘ ਵਾਸੀ ਧੂੜਕੋਟ ਦੇ ਖਿਲਾਫ 25 ਅਸਲਾ ਐਕਟ ਅਧੀਨ ਇੱਕ ਹੋਰ ਮੁਕੱਦਮਾ ਨੰਬਰ 27/22 ਥਾਣਾ ਮਹਿਣਾ ਦਰਜ ਕੀਤਾ ਗਿਆ। ਜਿੰਨਾ ਪਾਸੋਂ ਇੱਕ 30 ਬੋਰ ਦਾ ਪਿਸਤੌਲ ਅਤੇ 5 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ।

ਆਈ.ਜੀ.ਐਸ ਯਾਦਵ ਨੇ ਇਹ ਵੀ ਕਿਹਾ ਕਿ ਮੋਗਾ ਪੁਲਿਸ ਨੂੰ ਮੁਕੱਦਮਾ ਉਕਤ ਵਿੱਚ ਨਾਮਜਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜਲਦੀ ਤਫ਼ਤੀਸ਼ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਜਿਲ੍ਹਾ ਪੁਲਿਸ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਸਬੰਧੀ ਜਾਣਕਾਰੀ ਦੇਣ। ਇਨ੍ਹਾਂ ਸਮਾਜ ਵਿਰੋਧੀ ਤੱਤਾਂ ਦੇ ਖਿਲਾਫ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

**ਦੋਸ਼ੀਆ ਦਾ ਵੇਰਵਾ:-**

| ਕ੍ਰਮ ਅੰਕ | ਦੋਸ਼ੀ ਦਾ ਨਾਮ ਪਤਾ | ਗ੍ਰਿਫਤਾਰ/ਗ੍ਰਿਫਤਾਰੀ ਬਾਕੀ |
|---|---|---|
| 1. | ਮਨਪ੍ਰੀਤ ਸਿੰਘ ਉਰਫ ਮੰਨੂ ਪੁੱਤਰ ਸੁਖਦੇਵ ਸਿੰਘ ਵਾਸੀ ਕੁੱਸਾ | ਗ੍ਰਿਫਤਾਰੀ ਬਾਕੀ |
| 2. | ਪ੍ਰੇਮ ਵਾਸੀ ਚੋਹਲਾ ਸਾਹਿਬ ਜਿਲ੍ਹਾ ਤਰਨਤਾਰਨ | ਗ੍ਰਿਫਤਾਰੀ ਬਾਕੀ |
| 3. | ਪਰਬਤ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਕੁੱਸਾ | ਗ੍ਰਿਫਤਾਰ |
| 4. | ਰਪਾਂਜਲੀ ਪੁੱਤਰੀ ਅਸ਼ੋਕ ਕੁਮਾਰ ਵਾਸੀ ਦਿੱਲੀ | ਗ੍ਰਿਫਤਾਰ |
| 5. | ਅਨਮੋਲ ਬਿਸ਼ਨੋਈ ਪੁੱਤਰ ਲਵਿੰਦਰ ਬਿਸ਼ਨੋਈ ਵਾਸੀ ਦੁਤਰ ਵਾਲੀ ਜਿਲ੍ਹਾ ਫਾਜਿਲਕਾ | ਗ੍ਰਿਫਤਾਰੀ ਬਾਕੀ |

**ਰਿਕਵਰੀ:-** ਇਕ 12 ਬੋਰ ਦੇਸੀ ਪਿਸਟਲ, 2 ਰੌਂਦ 12 ਬੋਰ, ਇਕ ਮੋਟਰਸਾਇਕਲ ਪਲਟੀਨਾ